## ਕੀ ਤੁਸੀ ਖੋਜ ਵਿੱਚ ਹਿੱਸਾ ਲੈਣਾ ਚਾਹੁੰਦੇ ਹੋ? ਤੁਹਾਨੂੰ ਕੀ ਕਰਨਾ ਚਾਹੀਦਾ ਹੈ?

→ ਅਧਿਐਨ ਬਾਰੇ ਜਾਣੋ।
→ ਸਵਾਲ ਪੁੱਛੋ! ਫ਼ੈਸਲਾ
→ ਕਰਨ ਤੋਂ ਪਹਿਲਾਂ ਸੋਚਣ ਲਈ ਸਮਾਂ ਲਾਓ।

ਇੱਥੇ ਹੋਰ ਜਾਣਕਾਰੀ ਪ੍ਰਾਪਤ ਕਰੋ:

**www.bcchr.ca**



**ਵੱਲੋਂ ਇਹ ਜਾਣਕਾਰੀ ਦਿੱਤੀ ਗਈ :**

ਨਾਮ : ____________________

ਈ – ਮੇਲ : ____________________

ਫੋਨ ਨੰਬਰ : ____________________

ਬੀ.ਸੀ. ਚਿਲਡਰਨ ਹਸਪਤਾਲਵਿੱਖੇ 1,000 ਤੋਂ ਵੀ ਵੱਧ ਡਾਕਟਰੀ ਖੋਜਕਾਰ ਸੰਭਾਵਨਾਵਾਂ ਦੀਆਂ ਹੱਦਾਂ ਨੂੰ ਪਾਰ ਕਰਨ ਲਈ ਕੰਮ ਕਰ ਰਹੇ ਹਨ। ਪਰ ਉਹ ਇਸ ਨੂੰ ਇਕੱਲਿਆਂ ਨਹੀ ਕਰ ਸਕਦੇ। ਜਦੋਂ ਤੁਸੀ ਅਤੇ ਤੁਹਾਡਾ ਪਰਿਵਾਰ ਖੋਜ ਵਿੱਚ ਹਿੱਸਾ ਲੈਂਦੇ ਹੋ, ਤਾਂ ਤੁਸੀ ਬੀ.ਸੀ. ਅਤੇ ਹੋਰਨਾ ਥਾਵਾਂ ਵਿਖੇ ਬੱਚਿਆਂ ਵਾਸਤੇ ਸਿਹਤ-ਸੰਭਾਲ ਵਿੱਚ ਸੁਧਾਰ ਕਰਨ ਵਿੱਚ ਸਾਡੀ ਮਦਦ ਕਰ ਰਹੇ ਹੁੰਦੇ ਹੋ!



BC Children's Hospital

**BC Children's Hospital Research Institute**
938 W 28th Ave, Vancouver, BC V5Z 4H4
www.bcchr.ca

ਕਲਾਕਾਰੀ ਅਤੇ ਡਜ਼ਾਈਨ: ਡਾਇਨਾ ਸੈਲਕੈਡੋ

# ਖੋਜ ਦੇਖ-ਭਾਲ ਦਾ ਭਵਿੱਖ ਹੈ



BC Children's Hospital



## ਖੋਜ ਮਹੱਤਵਪੂਰਣ ਕਿਉ ਹੈ?

ਖੋਜ ਸਾਨੂੰ ਸਿਹਤ ਅਤੇ ਬਿਮਾਰੀ ਬਾਰੇ ਸਾਡੀ ਸਮਝ ਦਾ ਵਿਸਤਾਰ ਕਰਨ, ਟਰ੍ਹੀਟਮੈਂਟਾਂ ਵਿੱਚ ਸੁਧਾਰ ਕਰਨ ਅਤੇ ਨਵੇਂ ਇਲਾਜ ਲੱਭਣ ਵਿੱਚ ਸਹਾਈ ਹੁੰਦੀ ਹੈ।

ਬੀ.ਸੀ. ਚਿਲਡਰਨਜ਼ ਹਸਪਤਾਲ ਰਿਸਰਚ ਇੰਸਟੀਚਿਊਟ ਸਭ ਨੂੰ ਨਾਲ ਲੈ ਕੇ ਚੱਲਣ ਵਾਲੀ ਅਤੇ ਭੇਦ-ਭਾਵ ਮੁਕਤ ਖੋਜ ਸੰਸਥਾ ਹੈ। ਅਸੀ ਵਿਭਿੰਨ ਸੱਭਿਆਚਾਰਾਂ ਅਤੇ ਪਿਛੋਕੜਾਂ ਵਾਲੇ ਸਾਰੇ ਵਿਅਕਤੀਆਂ ਦਾ ਸਵਾਗਤ ਕਰਦੇ ਹਾਂ।

ਭਿੰਨਤਾ ਭਰੀ ਹਿੱਸੇਦਾਰੀ ਨਾਲ, ਖੋਜ ਕਾਢਾਂ ਦਾ ਵਧੇਰੇ ਪਰ੍ਹਭਾਵ ਪੈ ਸਕਦਾ ਹੈ ਅਤੇ ਕਈ ਲੋਕਾਂ ਨੂੰ ਇਸ ਦਾ ਲਾਭ ਹੋ ਸਕਦਾ ਹੈ।



## ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ:

### ਤੁਹਾਨੂੰ ਲੈਣਾ ਤੁਹਾਡੀ ਆਪਣੀ ਮਰਜ਼ੀ 'ਤੇ

- ✔ ਜੇ ਤੁਸੀ ਹਿੱਸਾ ਨਹੀ ਲੈਣਾ ਚਾਹੁੰਦੇ ਤਾਂ ਤੁਹਾਡੇ ਵਾਸਤੇ ਹਿੱਸਾ ਲੈਣਾ ਜ਼ਰੂਰੀ ਨਹੀ ਹੈ।
- ✔ ਤੁਸੀ ਕਿਸੇ ਵੀ ਸਮੇਂ ਅਧਿਐਨ ਤੋਂ ਲਾਂਭੇ ਹੋ ਸਕਦੇ ਹੋ।
- ✔ ਜੇ ਤੁਸੀ ਹਿੱਸਾ ਨਹੀ ਲੈਂਦੇ ਜਾਂ ਜੇ ਤੁਸੀ ਲਾਂਭੇ ਹੋ ਜਾਂਦੇ ਹੋ, ਤਾਂ ਤੁਹਾਨੂੰ ਫਿਰ ਵੀ ਉਹ ਡਾਕਟਰੀ ਸੰਭਾਲ ਜਾਂ ਹੋਰ ਸੇਵਾਵਾਂ ਮਿਲਣੀਆਂ ਜਾਰੀ ਰਿਹਣਗੀਆਂ ਜਿਨ੍ਹ ਦੇ ਤੁਸੀ ਹੱਕਦਾਰ ਹੋ ਜਾਂ ਜੋ ਤੁਸੀ ਪਰ੍ਹਾਪਤ ਕਰ ਰਹੇ ਹੋ।

### ਤੁਹਾਡੀ ਭੇਤਦਾਰੀ ਦੀ ਰੱਖਿਆ ਕੀਤੀ ਜਾਂਦੀ

- ✔ ਭੇਤਦਾਰੀ ਵਾਸਤੇ ਤੁਹਾਡੇ ਅਧਿਕਾਰ ਕਾਨੂੰਨੀ ਤੌਰ 'ਤੇ ਅਜਿਹੇ ਫੈਡਰਲ ਅਤੇ ਸੂਬਾਈ ਕਾਨੂੰਨਾਂ ਦੁਆਰਾ ਸੁਰੱਖਿਅਤ ਕੀਤੇ ਜਾਂਦੇ ਹਨ ਜੋ ਤੁਹਾਡੀ ਭੇਤਦਾਰੀ ਦ ਸਤਿਕਾਰ ਲਈ ਸੁਰੱਖਿਆ ਉਪਾਅ ਲਾਜ਼ਮੀ ਬਣਾਉਂਦੇ ਹਨ।
- ✔ ਤੁਹਾਡੀ ਪਛਾਣ ਅਤੇ ਜਾਣਕਾਰੀ ਕੇਵਲ ਖੋਜ ਟੀਮ ਕੋਲ ਹੀ ਰਹਿੰਦੀਹੈ ਅਤੇ ਤੁਹਾਡੀ ਸਹਿਮਤੀ ਦੇ ਬਿਨਾਂ ਤੁਹਾਡੀ ਪਛਾਣ ਦਾ ਖੁਲਾਸਾ ਕਰਨ ਵਾਲੀ ਕੋਈ ਵੀ ਜਾਣਕਾਰੀ ਕਦੇ ਵੀ ਪਰ੍ਹਕਾਸ਼ਿਤ ਨਹੀ ਕੀਤੀ ਜਾਵੇਗੀ।

## ਤੁਹਾਡੀ ਸਹਿਮਤੀ ਦੀ ਲੋੜ ਹੈ!



ਸਹਿਮਤੀ ਫ਼ਾਰਮ 'ਤੇ ਹਸਤਾਖਰ ਕਰਨ ਦਾ ਮਤਲਬ ਇਹ ਹੈ ਕਿ ਤੁਸੀ ਖੋਜ ਵਿੱਚ ਹਿੱਸਾ ਲੈਣ ਦੀ ਇੱਛਾ ਰੱਖਦੇ ਹੋ, ਪਰ ਤੁਸੀ ਅਜੇ ਵੀ ਕਿਸੇ ਵੀ ਸਮੇਂ ਲਾਂਭੇ ਹੋਣ ਦੀ ਆਜ਼ਾਦੀ ਹੈ। ਤੁਸੀ ਆਪਣੇ ਕੋਈ ਵੀ ਕਾਨੂੰਨੀ ਅਧਿਕਾਰਾਂ ਨੂੰ ਨਹੀ ਤਿਆਗਦੇ।

ਅਸੀ ਪਾਰਦਰਸ਼ਤਾ ਅਤੇ ਅਖੰਡਤਾ ਨੂੰ ਮਹੱਤਤ ਦਿੰਦੇ ਹਾਂ। ਸਹਿਮਤੀ ਫ਼ਾਰਮ 'ਤੇ ਹਸਤਾਖਰ ਕਰਨ ਤੋਂ ਪਹਿਲਾਂ, ਖੋਜ ਟੀਮ ਇਹ ਪੱਕਾ ਕਰੇਗੀ:

1. ਤੁਸੀ ਸਮਝਦੇ ਹ ਕਿ ਖੋਜ ਕੀ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਤੁਹਾਨੂੰ ਕੀ ਕਰਨ ਲਈ ਕਿਹਾ ਜਾਵੇਗਾ।
2. ਤੁਸੀ ਹਿੱਸਾ ਲੈਣ ਨਾਲ ਸੰਬੰਧਤ ਕੋਈ ਵੀ ਸੰਭਾਵੀ ਜੋਖਮਾਂ ਅਤੇ ਫਾਇਦੀਆਂ ਨੂੰ ਸਮਝਦੇ ਹੋ।
3. ਤੁਹਾਡੇ ਕੋਲ ਸਵਾਲ ਪੁੱਛਣ ਦਾ ਮੌਕਾ ਹੈ ਅਤੇ ਤੁਹਾਡੇ ਸਾਰੇ ਸਵਾਲਾਂ ਦੇ ਜਵਾਬ ਦਿੱਤੇ ਗਏ ਹਨ